# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 20 ਜਨਵਰੀ 2025 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸੰਤ ਕੁਲਵੰਤ ਰਾਮ ਮਹਾਰਾਜ ਆਪਣੇ ਕਰ ਕਮਲਾ ਨਾਲ ਕੀਤਾ ਮੇਰੇ ਸਤਿਗੁਰ ਗੀਤ ਦਾ ਪੋਸਟਰ ਰਿਲੀਜ

ਵਰਲਡ ਪੰਜਾਬੀ ਟਾਈਮਜ਼ ਪਾਲ ਜਲੰਧਰੀ




ਜਲੰਧਰ 20 ਜਨਵਰੀ : ਧੰਨ ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਪਾਵਨ ਪਵਿੱਤਰ 648 ਅਵਤਾਰ ਦਿਹਾੜੇ ਸਮਰਪਿਤ ਗੀਤ ਮੇਰੇ ਸਤਿਗੁਰ ਦਾ ਪੋਸਟਰ ਅੱਜ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਪ੍ਰਧਾਨ ਅਤੇ ਡੇਰਾ 108 ਸੰਤ ਮੇਲਾ ਰਾਮ ਜੀ ਭਰੋਮਜਾਰਾ ਦੀ ਪਾਵਨ ਪਵਿੱਤਰ ਗੱਦੀ ਤੇ ਬਿਰਾਜਮਾਨ ਸੰਤ ਕੁਲਵੰਤ ਰਾਮ ਜੀ ਮਹਾਰਾਜ ਵੱਲੋਂ ਮੇਰੇ ਸਤਿਗੁਰ ਗੀਤ ਦਾ ਪੋਸਟਰ ਰਿਲੀਜ ਕੀਤਾ ਗਿਆ ਜਿਸ ਨੂੰ ਆਪਣੀ ਆਵਾਜ ਦੇ ਵਿੱਚ ਗਾਇਆ ਹੈ ਪ੍ਰਸਿੱਧ ਗਾਇਕਾ ਬੀਬਾ ਕੇ ਰਮਨ ਨੇ ਅਤੇ ਆਪਣੀਆ ਸੰਗੀਤਕ ਧੁੰਨਾ ਨਾਲ ਸਿੰਗਾਰਿਆ ਹੈ ਪ੍ਰਸਿੱਧ ਲੇਖਕ ਗਾਇਕ ਗੀਤਕਾਰ ਪ੍ਰੀਤ ਬਲਿਹਾਰ ਜੀ ਇਸ ਗੀਤ ਨੂੰ ਕਲਮਬੱਧ ਕੀਤਾ ਉਭਰਦੇ ਲੇਖਕ ਜਗਤਾਰ ਫਤਿਹਪੁਰ ਜੀ ਨੇ ਇਸ ਗੀਤ ਨੂੰ ਬਹੁਤ ਜੱਲਦ ਪਾਲ ਜਲੰਧਰੀ ਵੀ ਕੇ ਰਿਕਾਰਡ ਮਿਊਜ਼ਿਕ ਤੇ ਰਲੀਜ਼ ਕੀਤਾ ਜਾਵੇਗਾ ਇਸ ਮੌਕੇ ਸੰਤ ਕੁਲਵੰਤ ਰਾਮ ਮਹਾਰਾਜ ਨੇ ਕਿਹਾ ਗੁਰਬਤ ਵਿੱਚ ਫਸੇ ਚੰਗੇ ਲੇਖਕਾਂ ਗਾਇਕਾਂ ਦੀ ਸਮਾਜ ਦੇ ਨਾਲ ਨਾਲ ਸਮੂਹ ਸੰਤਮਹਾਪੁਰਸ਼ਾਂ ਨੂੰ ਬਾਂਹ ਫੜਨੀ ਚਾਹੀਦੀ ਤਾਂ ਜੋ ਸਮਾਜ ਦਾ ਕੋਈ ਹੀਰਾ ਨ ਰੁਲ ਜਾਵੇ ਉਨਾਂ ਸੰਗਤਾਂ ਨੂੰ ਬੇਨਤੀ ਕੀਤੀ ਕੇ ਇਸ ਗੀਤ ਨੂੰ ਸੁਣ ਆਪਣੇ ਸਤਿਗੁਰ ਪ੍ਰਤੀ ਆਪਣੀ ਸਰਧਾ ਦਾ ਸਬੂਤ ਦੇਈਏ ਇਸ ਸੇਵਾਦਾਰ ਬਾਬਾ ਜਿੰਦਰ ਜੀ ਗੁਲਾਬ ਮਾਖਾ ਅਤੇ ਕਾਫੀ ਭਾਰੀ ਮਾਤਰਾ ਵਿੱਚ ਸੰਗਤਾਂ ਹਾਜ਼ਰ ਸਨ

## ਟੀ ਬੀ ਬਿਮਾਰੀ ਪ੍ਰਤੀ ਅਧਿਆਪਕਾਂ ਤੇ ਬੱਚਿਆਂ ਨੂੰ ਕੀਤਾ ਜਾਗਰੂਕ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 20 ਜਨਵਰੀ : ਸਰਕਾਰੀ ਪ੍ਰਾਇਮਰੀ ਸਕੂਲ ਬਾਲੀਆਂ ਵਿਖੇ ਸੁਪਰਵਾਈਜ਼ਰ ਚਮਕੌਰ ਸਿੰਘ ਮਲਟੀਪਰਪਜ ਹੈਲਥ ਵਰਕਰ ਮਨਜਿੰਦਰ ਸਿੰਘ ਅਤੇ ਇੰਦਰਜੀਤ ਸਿੰਘ ਵੱਲੋਂ ਟੀ ਬੀ ਦੀ ਬਿਮਾਰੀ ਬਾਰੇ ਅਧਿਆਪਕਾਂ ਅਤੇ ਬੱਚਿਆਂ ਨੂੰ ਜਾਗਰੂਕ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਟੀਬੀ ਦੇ ਖਾਤਮੇ ਲਈ ਚਲਾਈ ਜਾ ਰਹੀ100 ਦਿਨ ਮੁਹਿੰਮ ਦਾ ਮੁੱਖ ਉਦੇਸ਼ ਇਹ ਬਿਮਾਰੀ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਲੁਕੇ ਹੋਏ ਐਕਟਿਵ ਕੇਸਾਂ ਦੀ ਜਲਦੀ



ਭਾਲ ਕਰਨਾ ਅਤੇ ਇਲਾਜ ਕਰਵਾਉਣਾ ਹੈ। ਉਹਨਾਂ ਦੱਸਿਆ ਟੀ ਬੀ ਇੱਕ ਅਜਿਹੀ ਲਾਗ ਦੀ ਬਿਮਾਰੀ ਹੈ ਜੋ ਬਹੁਤ ਜਲਦੀ ਫੈਲਦੀ ਹੈ ਅਤੇ ਕਿਸੇ ਨੂੰ ਵੀ ਹੋ ਸਕਦੀ ਹੈ।ਜੇਕਰ ਦੋ ਹਫਤੇ ਤੋਂ ਵੱਧ ਖਾਂਸੀ,ਬੁਖਾਰ,ਭਾਰ ਘਟਨਾ,ਭੁੱਖ ਨਾ ਲੱਗਣੀ ਵਰਗੇ ਲੱਛਣ ਆਉਣ ਤਾਂ ਉਹ ਆਪਣਾ ਟੈਸਟ ਜਰੂਰ ਕਰਾਉਣ ।

ਉਹਨਾਂ ਕਿਹਾ ਕਿ ਸਿਹਤ ਵਿਭਾਗ ਪੰਜਾਬ ਵੱਲੋਂ 2025 ਤੱਕ ਰਾਜ ਨੂੰ ਟੀ ਬੀ ਮੁਕਤ ਬਣਾਉਣ ਦਾ ਟੀਚਾ ਮਿਥਿਆ ਹੋਇਆ ਹੈ। ਟੀਬੀ ਦਾ ਇਲਾਜ ਦਾ ਡਾੱਟਸ ਪ੍ਰਣਾਲੀ ਰਾਹੀਂ ਬਿਲਕੁਲ ਮੁਕਤ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਟੀਬੀ ਦੇ ਮਰੀਜ਼ ਆਪਣੀ ਦਵਾਈ ਦਾ ਕੋਰਸ ਪੂਰਾ ਕਰਨ ਕਿਉਂਕਿ ਇਲਾਜ ਅਧੂਰਾ ਛੱਡਣ ਨਾਲ ਇਹ ਰੋਗ ਦੁਬਾਰਾ ਹੋ ਜਾਂਦਾ ਤੇ ਖਤਰਨਾਕ ਟੀ ਬੀ ਹੋਣ ਦਾ ਖਤਰਾ ਰਹਿੰਦਾ ਹੈ। ਜਿਸ ਦੇ ਇਲਾਜ ਲਈ ਜਿਆਦਾ ਸਮਾਂ ਦਵਾਈ ਖਾਣੀ ਪੈਂਦੀ ਹੈ।ਉਹਨਾਂ ਦੱਸਿਆ ਕਿ ਟੀਬੀ ਦੇ ਮਰੀਜ਼ ਨੂੰ ਆਪਣੀ ਖੁਰਾਕ ਅਤੇ ਆਲੇ ਦੁਆਲੇ ਦੀ ਸਫਾਈ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਣਾ ਚਾਹੀਦਾ ਹੈ।

## 'ਆਪ' ਸਰਕਾਰ ਵੱਲੋਂ ਕੀਤੇ ਜਾਂਦੇ ਹਰ ਵਾਅਦੇ ਨੂੰ ਪੂਰਾ ਕੀਤਾ ਜਾ ਰਿਹੈ : ਸਪੀਕਰ ਸੰਧਵਾਂ

### ਸਪੀਕਰ ਸੰਧਵਾਂ ਨੇ ਡੇਰਾ ਬਾਬਾ ਸੈਦੂ ਸ਼ਾਹ ਕਲੱਬ ਨੂੰ ਦਿੱਤੀ 5 ਲੱਖ ਰੁਪਏ ਦੀ ਰਾਸ਼ੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 20 ਜਨਵਰੀ : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਅਗਵਾਨ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚੋਣਾਂ ਸਮੇਂ ਜੋ ਆਮ ਲੋਕਾਂ ਨਾਲ ਵਾਅਦੇ ਕੀਤੇ ਗਏ ਸਨ, ਉਨ੍ਹਾਂ ਨੂੰ ਲਗਾਤਾਰ ਪੂਰਾ ਕੀਤਾ ਜਾ ਰਿਹਾ ਹੈ ਅਤੇ ਸੂਬੇ ਦੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਪੀਕਰ ਪੰਜਾਬ



ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਵਿਧਾਨ ਸਭਾ ਹਲਕਾ ਕੋਟਕਪੂਰਾ ਅਧੀਨ ਆਉਂਦੇ ਪਿੰਡ ਕੰਮੇਆਣਾ ਵਿਖੇ ਡੇਰਾ ਬਾਬਾ ਸੈਦੂ ਸ਼ਾਹ ਕਲੱਬ ਨੂੰ 5 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਭੇਟ ਕਰਨ ਮੌਕੇ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸੰਦੀਪ ਸਿੰਘ ਬਰਾੜ ਕੰਮੇਆਣਾ ਨੇ ਦੱਸਿਆ ਕਿ ਪਿਛਲੇ ਸਮੇਂ ਵਿੱਚ ਡੇਰਾ ਬਾਬਾ ਸ਼ੈਦੂ ਸ਼ਾਹ ਕਲੱਬ ਵਲੋਂ ਕਬੱਡੀ ਦਾ ਮੈਚ ਕਰਵਾਇਆ ਗਿਆ ਸੀ, ਜਿਸ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸਨ ਅਤੇ ਉਨ੍ਹਾਂ ਨੇ ਡੇਰਾ ਬਾਬਾ ਸੈਦੂ ਸ਼ਾਹ ਕਲੱਬ ਨੂੰ ਮਾਲੀ ਸਹਾਇਤਾ ਕਰਨ ਦਾ ਵਾਅਦਾ ਕੀਤਾ ਸੀ, ਜਿਸ ਨੂੰ ਪੂਰਾ ਕਰਦਿਆਂ ਅੱਜ ਉਨ੍ਹਾਂ ਨੇ ਕਲੱਬ ਦੇ ਪ੍ਰਧਾਨ ਨੂੰ 5 ਲੱਖ ਰੁਪਏ ਦਾ ਚੈੱਕ ਸੌਂਪਿਆ। ਇਸ ਤੋ ਇਲਾਵਾ ਉਨ੍ਹਾਂ ਨੇ 25 ਹਜ਼ਾਰ ਰੁਪਏ ਦੀ ਰਾਸ਼ੀ ਹੈਂਡਬਾਲ ਕੋਚਿੰਗ ਸੈਂਟਰ ਨੂੰ ਖਿਡਾਰੀਆਂ ਲਈ ਕਿੱਟਾਂ ਅਤੇ ਹੋਰ ਲੋੜੀਂਦਾ ਸਮਾਨ ਲੈਣ ਲਈ ਦਿੱਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸਪੀਕਰ ਸੰਧਵਾਂ ਨੇ ਕਿਹਾ ਕਿ ਉਹ ਅੱਜ ਜਿਸ ਵੀ ਮੁਕਾਮ 'ਤੇ ਹਨ, ਉਨ੍ਹਾਂ ਦੇ ਹਲਕੇ ਦੇ ਲੋਕਾਂ ਦੀ ਬਦੌਲਤ ਹੀ ਹਨ ਅਤੇ ਉਨ੍ਹਾਂ ਦਾ ਹਰ ਵੇਲੇ ਇਹ ਯਤਨ ਹੁੰਦਾ ਹੈ ਕਿ ਉਨ੍ਹਾਂ ਦੇ ਆਪਣੇ ਹਲਕੇ ਦੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅੱਗੇ ਕਿਹਾ ਕਿ ਜਿੱਥੇ ਸੂਬੇ ਦੇ ਲੋਕਾਂ ਨੂੰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਪੰਜਾਬ ਦੀਆਂ ਅਤੇ ਹੋਰ ਸਮੇਂ-ਸਮੇਂ 'ਤੇ ਸਕੂਲੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ, ਉੱਥੇ ਹੁਣ ਉਨ੍ਹਾਂ ਦਾ ਇਹ ਮੁੱਖ ਮਕਸਦ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਾਪਤ ਕੀਤੇ ਜਾਣ। ਜਿਸ ਲਈ ਹੁਣ ਉਹ ਇਸ ਸੇਧ ਵਿੱਚ ਕੰਮ ਕਰ ਰਹੇ ਹਨ। ਇਸ ਮੌਕੇ ਸਟੇਜ ਸੈਕਟਰੀ ਦੀ ਭੂਮਿਕਾ ਦਰਸ਼ਨ ਪਾਲ ਸ਼ਰਮਾ ਹੈਂਡਬਾਲ ਕੋਚ ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਮਨਜੀਤ ਕੌਰ, ਜਗਜੀਤ ਸਿੰਘ, ਪੰਚਾਇਤ ਮੈਂਬਰ ਚਰਨਜੀਤ ਕੌਰ, ਸੁਖਦੇਵ ਕੌਰ, ਸੁਖਮੰਦਰ ਸਿੰਘ, ਰਮਨਦੀਪ ਸਿੰਘ, ਕੁਲਵਿੰਦਰ ਸ਼ਰਮਾ, ਸੁਖਮੰਦਰ ਸਿੰਘ ਸਮੇਤ ਬਾਬਾ ਸ਼ੈਦੂ ਸ਼ਾਹ ਜੀ ਸਪੋਰਟਸ ਅਤੇ ਸੱਭਿਆਚਾਰਕ ਕਲੱਬ ਦੇ ਪ੍ਰਧਾਨ ਜਸਪਾਲ ਸਿੰਘ, ਕਮਲਜੀਤ ਸ਼ਰਮਾ, ਬਿੰਦਾ ਸੰਧੂ, ਹਰਦੇਵ, ਜਗਜੀਤ ਸਿੰਘ ਸੰਧੂ, ਪ੍ਰਗਟ ਸਿੰਘ, ਵਿਰਸਾ ਸਿੰਘ, ਡਾ. ਮਨਜੀਤ ਸਿੰਘ, ਸੰਦੀਪ ਸਿੰਘ ਬਰਾੜ ਪ੍ਰਧਾਨ ਬਲਾਕ ਕੋਟਕਪੂਰਾ, ਚੰਦ ਸਿੰਘ ਗਿੱਲ, ਰਾਜ ਗਿੱਲ, ਮਾਸਟਰ ਕ੍ਰਿਸ਼ਨ ਦਾਸ, ਸਾਬਕਾ ਪ੍ਰਧਾਨ ਸਰਬਜੀਤ ਸੰਧੂ, ਕੁਲਵਿੰਦਰ ਸਿੰਘ ਸੈਕਟਰੀ ਸੁਸਾਇਟੀ, ਖੁਸ਼ਕਰਨ, ਬਗੀਚਾ, ਹੁਸਨਦੀਪ ਸੰਧੂ ਨੈਸ਼ਨਲ ਹੈਂਡਬਾਲ ਖਿਡਾਰੀ, ਗੁਰਬਚਨ ਸਿੰਘ, ਕਸ਼ਮੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

## ਸੂਬਾਈ ਕਨਵੈਨਸ਼ਨ ਨੇ ਵਿਸ਼ਾਲ ਜਮਹੂਰੀ ਲਹਿਰ ਖੜ੍ਹੀ ਕਰਨ ਦਾ ਦਿੱਤਾ ਸੱਦਾ ਆਦਿਵਾਸੀਆਂ ਦੀ ਨਸਲਕੁਸ਼ੀ ਸਥਾਪਤੀ ਦੀ ਗਿਣਨੀ ਮਿਥੀ ਸਾਜ਼ਿਸ਼

### ਐਡਵੋਕੇਟ ਬੇਲਾ ਭਾਟੀਆ ਨਾਬਰੀ ਅਤੇ ਸੰਘਰਸ਼ ਦਾ ਪ੍ਰਤੀਕ ਹੈ ਪੰਜਾਬ – ਡਾਕਟਰ ਨਵਸ਼ਰਨ

ਵਰਲਡ ਪੰਜਾਬੀ ਟਾਈਮਜ਼

ਬਰਨਾਲਾ, 20 ਜਨਵਰੀ : ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ ਅੱਜ ਇੱਥੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਕੀਤੀ ਜਿਸ ਦੀ ਪ੍ਰਧਾਨਗੀ ਆਦਿਵਾਸੀ ਹੱਕਾਂ ਦੀ ਉੱਘੀ ਝੰਡਾਬਰਦਾਰ ਅਤੇ ਖੋਜਕਾਰ ਬੇਲਾ ਭਾਟੀਆ, ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ, ਜਮਹੂਰੀ ਸ਼ਖ਼ਸੀਅਤਾਂ ਡਾ. ਪਰਮਿੰਦਰ, ਬੂਟਾ ਸਿੰਘ ਮਹਿਮੂਦਪੁਰ ਅਤੇ ਪ੍ਰੋਫੈਸਰ ਏ.ਕੇ. ਮਲੇਰੀ ਨੇ ਕੀਤੀ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾਵਾਂ ਨੇ ਕਿਹਾ ਕਿ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਚਲਾਏ ਜਾ ਰਹੇ ਰਾਜਕੀ ਦਹਿਸ਼ਤਵਾਦ ਪਿੱਛੇ ਕੰਮ ਕਰਦੇ ਕਾਰਪੋਰੇਟ-ਹਿੰਦੂਤਵ ਗੱਠਜੋੜ ਦੇ ਅਸਲ ਮਨੋਰਥ ਨੂੰ ਸਮਝਣ ਦੀ ਲੋੜ ਹੈ। ਆਦਿਵਾਸੀ ਇਲਾਕਿਆਂ ਵਿਚ ਕਾਨੂੰਨ ਦੇ ਰਾਜ ਦੇ ਨਾਂ ਹੇਠ ਜੰਗੀ ਪੱਧਰ 'ਤੇ ਨੀਮ-ਫ਼ੌਜੀ ਤਾਕਤਾਂ ਦੀ ਤਾਇਨਾਤੀ ਵਡਮੁੱਲੇ ਕੁਦਰਤੀ ਵਸੀਲੇ ਹਥਿਆਉਣ ਅਤੇ ਆਦਿਵਾਸੀਆਂ ਦੀ ਜਲ-ਜੰਗਲ-ਜ਼ਮੀਨ ਦੀ ਰਾਖੀ ਲਈ ਸੰਘਰਸ਼ ਨੂੰ ਕੁਚਲਣ ਲਈ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਆਦਿਵਾਸੀ ਤੇ ਹੋਰ ਭਾਰਤੀ ਲੋਕਾਂ ਲਈ ਸਭ ਤੋਂ ਵੱਡਾ ਖ਼ਤਰਾ ਭਾਰਤੀ ਰਾਜ ਅਤੇ ਇਸ ਦੀਆਂ ਦੇਸੀ-ਬਦੇਸ਼ੀ ਕਾਰਪੋਰੇਟ ਸਰਮਾਏਦਾਰਾਂ ਪੱਖੀ ਨੀਤੀਆਂ ਹਨ। ਕਾਰਪੋਰੇਟ ਗ਼ਲਬੇ ਦਾ ਰਾਹ ਪੱਧਰਾ ਕਰਨ ਲਈ ਉਹ ਕਾਨੂੰਨ ਵੀ



ਖ਼ਤਮ ਕੀਤੇ ਜਾ ਰਹੇ ਹਨ ਜੋ ਜੰਗਲ ਉੱਪਰ ਆਦਿਵਾਸੀਆਂ ਦੇ ਕੁਦਰਤੀ ਹੱਕ ਨੂੰ ਮਾਨਤਾ ਦਿੰਦੇ ਸਨ। ਸਰਕਾਰਾਂ ਆਪਣੇ ਹੀ ਬਣਾਏ ਕਾਨੂੰਨਾਂ ਦੀਆਂ ਧੱਜੀਆਂ ਉਡਾਕੇ ਚਲਾਕੀ, ਧੋਖਾਧੜੀ ਅਤੇ ਜਾਬਰ ਰਾਜ ਮਸ਼ੀਨਰੀ ਦੇ ਜ਼ੋਰ ਜ਼ਮੀਨਾਂ ਹਥਿਆ ਰਹੀਆਂ ਹਨ। ਜਦਕਿ ਇਸ ਧੱਕੇਸ਼ਾਹੀ ਵਿਰੁੱਧ ਆਦਿਵਾਸੀਆਂ ਦੇ ਜਮਹੂਰੀ ਵਿਰੋਧ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਸਰਕਾਰੀ ਤੇ ਗ਼ੈਰਸਰਕਾਰੀ ਗਰੋਹਾਂ ਰਾਹੀਂ ਕੁਚਲ ਰਹੀਆਂ ਹਨ। ਕਥਿਤ ਕਾਨੂੰਨ ਦਾ ਰਾਜ ਲਾਕਾਨੂੰਨੀਆਂ ਕਰਨ ਵਾਲੀਆਂ ਲੋਕ ਵਿਰੋਧੀ ਤਾਕਤਾਂ ਦੇ ਹੱਥ ਵਿਚ ਲੋਕਾਂ ਦੇ ਹੱਕੀ ਵਿਰੋਧ ਨੂੰ ਕੁਚਲਣ ਦਾ ਸੰਦ ਹੈ ਜੋ ਆਦਿਵਾਸੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਅਤੇ ਲੋਕ-ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ, ਕਲਾਕਾਰਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ 'ਸ਼ਹਿਰੀ ਨਕਸਲੀ' ਦਾ ਠੱਪਾ ਲਾ ਕੇ ਜੇਲ੍ਹਾਂ ਵਿਚ ਸਾੜ ਰਿਹਾ ਹੈ। ਸਮੂਹ ਲੋਕ ਪੱਖੀ ਅਗਾਂਹਵਧੂ ਤਾਕਤਾਂ ਨੂੰ ਇਸ ਦਣਦਣਾ ਰਹੇ ਜਾਬਰ ਹਮਲੇ ਵਿਚ ਸਮੋਏ ਖ਼ਤਰਿਆਂ ਨੂੰ ਪਛਾਨਣਾ ਅਤੇ ਇਸ ਨੂੰ ਠੱਲ ਪਾਉਣ ਲਈ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ ਕਿਉਂਕਿ ਇਹ ਹਮਲਾ ਦੇਸ਼ ਦੇ ਹਰ ਉਸ ਸੰਘਰਸ਼ ਵਿਰੁੱਧ ਸੇਧਤ ਹੈ ਜੋ ਲੋਕ ਹਿਤਾਂ ਦੀ ਰਾਖੀ ਲਈ ਲੜਿਆ ਜਾ ਰਿਹਾ ਹੈ। ਕਨਵੈਨਸ਼ਨ ਨੂੰ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ ਨੇ ਵੀ ਸੰਬੋਧਨ ਕੀਤਾ। ਦੋਵੇਂ ਮੁੱਖ ਵਕਤਾਵਾਂ ਨੂੰ ਸ਼ਹੀਦ ਭਗਤ ਸਿੰਘ ਦੀ ਇਤਿਹਾਸਕ ਤਸਵੀਰ ਦਾ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਕਨਵੈਨਸ਼ਨ ਵਿਚ ਸਰਵਸੰਮਤੀ ਨਾਲ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਨਕਸਲੀਆਂ ਅਤੇ ਆਦਿਵਾਸੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਦੀ ਨੀਤੀ ਬੰਦ ਕੀਤੀ ਜਾਵੇ।

ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਤੇ ਰਾਜਨੀਤਕ ਕਾਰਕੁਨਾਂ ਨੂੰ ਰਿਹਾ ਕੀਤਾ ਜਾਵੇ; ਗ਼ੈਰਕਾਨੂੰਨੀ ਕਾਰਵਾਈਆਂ ਦੇ ਬਹਾਨੇ ਐੱਨਆਈਏ ਵੱਲੋਂ ਛਾਪੇਮਾਰੀ ਤੇ ਗ੍ਰਿਫ਼ਤਾਰੀਆਂ ਬੰਦ ਕੀਤੀਆਂ ਜਾਣ, ਝੂਠੀਆਂ ਐੱਫਆਈਆਰ ਖ਼ਤਮ ਕੀਤੀਆਂ ਜਾਣ ਅਤੇ ਰਾਜਕੀ ਦਹਿਸ਼ਤਵਾਦ ਦਾ ਸੰਦ ਕੌਮੀ ਜਾਂਚ ਏਜੰਸੀ ਤੁਰੰਤ ਭੰਗ ਕੀਤੀ ਜਾਵੇ; ਤਿੰਨ ਫ਼ੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਯੂਏਪੀਏ ਆਦਿ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ ਜਾਣ; ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀ ਤੁਰੰਤ ਰਿਹਾ ਕੀਤੇ ਜਾਣ; ਪੰਜਾਬ ਦੇ ਕਿਸਾਨਾਂ ਦੇ ਦਿੱਲੀ ਜਾ ਕੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਉੱਪਰ ਲਾਈਆਂ ਰੋਕਾਂ ਤੁਰੰਤ ਹਟਾਈਆਂ ਜਾਣ; ਬੇਕਿਰਕ ਹਮਲਿਆਂ ਰਾਹੀਂ ਫ਼ਲਸਤੀਨੀਂ ਲੋਕਾਂ ਦੀ ਨਸਲਕੁਸ਼ੀ ਬੰਦ ਕੀਤੀ ਜਾਵੇ ਅਤੇ ਫ਼ਲਸਤੀਨ ਉੱਪਰ ਫ਼ਲਸਤੀਨੀਂ ਲੋਕਾਂ ਦਾ ਵਾਹਦ ਹੱਕ ਸਵੀਕਾਰ ਕੀਤਾ ਜਾਵੇ। ਇਕ ਵਿਸ਼ੇਸ਼ ਮਤੇ ਰਾਹੀਂ ਪੰਜਾਬ ਸਰਕਾਰ ਵੱਲੋਂ ਕਿਸਾਨੀ ਦੇ ਅਤੇ ਹੋਰ ਹੱਕਾਂ ਸੰਘਰਸ਼ਾਂ ਪ੍ਰਤੀ ਜਾਬਰ ਵਤੀਰਾ ਅਤੇ ਦਰਦਨਾਕ ਸੜਕ ਹਾਦਸੇ ਵਿਚ ਸ਼ਹੀਦ ਤੇ ਜ਼ਖ਼ਮੀ ਹੋਏ ਕਿਸਾਨਾਂ ਪ੍ਰਤੀ ਸੰਵੇਦਨਹੀਣ ਰਵੱਈਆ ਅਖ਼ਤਿਆਰ ਕਰਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਪੀੜਤ ਪਰਿਵਾਰਾਂ ਨੂੰ ਢੁੱਕਵਾਂ ਮੁਆਵਜ਼ਾ ਅਤੇ ਨੌਕਰੀ ਦਿੱਤੀ ਜਾਵੇ ਅਤੇ ਜ਼ਖ਼ਮੀ ਕਿਸਾਨਾਂ ਦੇ ਇਲਾਜ ਪ੍ਰਤੀ ਬੇਪ੍ਰਵਾਹ ਵਤੀਰਾ ਬੰਦ ਕੀਤਾ ਜਾਵੇ।

ਇਸ ਮੌਕੇ ਜਥੇਬੰਦੀਆਂ ਦੇ ਆਗੂ, ਕਾਰਕੁਨ, ਸੰਘਰਸਸ਼ੀਲ ਔਰਤਾਂ ਨਾਮਵਰ ਲੇਖਕ, ਪੱਤਰਕਾਰ, ਤਰਕਸ਼ੀਲ ਅਤੇ ਹੋਰ ਜਮਹੂਰੀ ਸ਼ਖਸੀਅਤਾਂ ਵੱਡੀ ਗਿਣਤੀ 'ਚ ਹਾਜ਼ਰ ਸਨ।

ਸਮਾਗਮ ਦਾ ਆਗਾਜ਼ ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ ) ਦੀ ਕਲਾਕਾਰ ਨਰਗਿਸ, ਅਜਮੇਰ ਅਕਲੀਆ, ਪਰਮਜੀਤ ਟੱਲੇਵਾਲ ਅਤੇ ਬਲਕਰਨ ਦੇ ਗੀਤਾਂ ਨਾਲ ਹੋਇਆ। ਜਾਰੀ ਕਰਤਾ: ਡਾ. ਪਰਮਿੰਦਰ 95010-25030, ਪ੍ਰੋਫੈਸਰ ਏ.ਕੇ.ਮਲੇਰੀ 98557-00310, ਬੂਟਾ ਸਿੰਘ ਮਹਿਮੂਦਪੁਰ 94634-74342

## "ਲੰਗਰ 20 ਰੁਪਏ ਦਾ" ਧਾਰਮਿਕ ਗੀਤ ਅਲਹਦਾ ਛਾਪ ਛੱਡੇਗਾ:- ਲੋਕ ਗਾਇਕ ਅਰਸ਼ ਗਿੱਲ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ ਦਰਦੀ ਫ਼ਰੀਦਕੋਟ




ਲੋਕ ਗਾਇਕ ਸੁਰਜੀਤ ਗਿੱਲ ਬਹੁ-ਚਰਚਿਤ ਲੋਕ ਗੀਤਾਂ ਰਾਹੀ ਸੰਗੀਤ ਪ੍ਰੇਮੀਆਂ ਤੇ ਆਪਣੀ ਅਲਹਦਾ ਛਾਪ ਛੱਡ ਚੁਕੇ ਹਨ , ਓਹ ਕੋਈ ਜਾਣ ਪਹਿਚਾਣ ਦੇ ਮੁਥਾਜ ਨਹੀ। ਉਥੇ ਹੀ ਅਜੋਕੀ ਪੀੜੀ ਨੂੰ ਆਪਣੇ ਰੰਗ ਵਿਚ ਰੰਗਣ ਵਿਚ ਵਿਅਸਥ ਹਨ , ਚਰਚਿਤ ਲੋਕ ਗਾਇਕ ਅਰਸ਼ ਗਿੱਲ। ਆਪਣੇ ਖੂਬਸੂਰਤ ਗੀਤਾਂ ਦੀ ਜਾਦੂਗਰੀ ਰਾਹੀ ਆਪਣਾ ਦੀਵਾਨਾ ਬਣਾ ਰਹੇ। ਏਨਾਂ ਦੇ ਗੀਤ 'ਫਿਕਰ' ,ਕੋਕੇ ਤੇ 'ਵੱਖਰੇ' ਚਰਚਾ ਦਾ ਵਿਸ਼ਾ ਬਣੇ ਹੋਏ ਹਨ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਨੇ 20 ਰੁਪਏ ਦੇ ਵਪਾਰ ਕਰਨ ਲਈ ਕਿਹਾ, ਪਰ ਓਨਾਂ ਨੇ 20 ਰੁਪਏ ਵਿਚ ਭੁੱਖੇ ਸਾਧੂਆਂ ਨੂੰ ਲੰਗਰ ਸਕਾ ਦਿੱਤਾ।

ਓਸ ਇਤਿਹਾਸਕ ਘਟਨਾ ਨੂੰ ਚਰਚਿਤ ਗੀਤਕਾਰ ਦਰਸ਼ਨ ਸਿੰਘ ਚੀਮਾਂ ਜੀ ਨੇ ,ਅਪਣੇ ਸ਼ਬਦਾਂ ਦੀ ਲੜੀ ਵਿੱਚ ਪਰੋ ,"ਲੋਕ ਗਾਇਕ ਸੁਰਜੀਤ ਗਿੱਲ, ਅਰਸ਼ ਗਿੱਲ" ਨੇ ਆਪਣੇ ਕੰਠ ਦੀ ਮਿਠਾਸ ਅਤੇ ਪ੍ਰਸਿੱਧ ਸੰਗੀਤਕਾਰ 'ਰਵਿੰਦਰ ਟੀਨਾ' ਨੇ ਸੰਗੀਤਮਈ ਖੂਬਸੂਰਤ ਧੁੰਨਾਂ ਦੇ ,ਮਿਕਸ ਮਿਸਟਰ 'ਸੰਗੀਤ ਘਾਰੂ' , ਕੰਪੋਜ਼ਰ 'ਰਮੇਸ਼ ਕੁਮਾਰ', ਇਸ ਨੂੰ ਫਿਲਮਾਂਕਣ ਲਈ ਵੀਡੀਓ ਡਾਇਰੈਕਟਰ 'ਸ਼ੈਰੀ ਉੱਪਲ', ਵੀਡੀਓ ਅਡੀਟਰ 'ਲਾਈਫ ਸੀਨ ਸੇਵ ਮੇਕਰ' ਵੱਲੋ ਤਿਆਰ ਕਰ ਜਲਦ 'ਅਰਸ਼ ਗਿੱਲ ਮਿਊਜ਼ਿਕ' ਚੈਨਲ ਤੇ ਲੋਕ ਅਰਪਣ ਕੀਤਾ ਜਾਵੇਗਾ। ਸੰਗੀਤ ਪ੍ਰੇਮੀਆਂ ਵੱਲੋ ਪਹਿਲੇ ਗੀਤਾਂ ਨੂੰ ਮਣਾ ਮੂੰਹੀ ਪਿਆਰ ਮੁਹੱਬਤ ਮਿਲਿਆ। ਉਸੇ ਤਰਾਂ ਧਾਰਮਿਕ ਗੀਤ "ਲੰਗਰ ਵੀਹ ਰੁਪਏ ਦਾ" ਮੀਲ ਪੱਥਰ ਸਾਬਤ ਹੋਵੇਗਾ।ਦੁਆਵਾਂ

# ਬਿਰਹਾ ਕੱਤਦੀ ਰਿਸ਼ਮ ਪਰਮਜੀਤ ਦਿਓਲ ਦਾ ਕਾਵਿ ਮਲਵਿੰਦਰ




ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਪਰਮਜੀਤ ਦਿਓਲ ਕਵਿਤਾ ਕੋਲ਼ ਆ ਕੇ ਦਿਓਲ ਪਰਮਜੀਤ ਹੋ ਜਾਂਦੀ ਹੈ।ਉਂਝ ਉਹ ਜਦੋਂ ਵੀ ਮਿਲਦੀ ਹੈ, ਛੋਟੀ ਭੈਣ ਨੂੰ ਮਿਲਣ ਵਰਗਾ ਅਹਿਸਾਸ ਹੁੰਦਾ ਹੈ।ਉਹ ਕਵਿਤਰੀ ਤਾਂ ਹੈ ਈ, ਕਲਾਕਾਰ ਵੀ ਹੈ। ਨਾਟਕਾਂ 'ਚ ਆਪਣੇ ਸੁਭਾਅ ਵਰਗੀ ਭੂਮਿਕਾ ਨਿਭਾਉਂਦੀ ਕੁਝ ਪੰਜਾਬੀ ਫਿਲਮਾਂ ਵਿਚ ਵੀ ਦਿਖਾਈ ਦਿੱਤੀ ਹੈ।ਬੱਚੇ ਵੀ ਕਲਾਕਾਰ ਹਨ।ਘਰ ਦਾ ਮਹੌਲ ਕਾਵਿਕ ਹੈ।ਰੰਗਮੰਚ ਨਾਲ਼ ਜੁੜੀ ਉਹ ਨਾਟਕਕਾਰਾਂ ਦਾ ਸਤਿਕਾਰ ਤੇ ਸਨਮਾਨ ਕਰਨਾ ਵੀ ਜਾਣਦੀ ਹੈ।ਪੰਜਾਬ ਤੋਂ ਬਰੈਂਪਟਨ ਆਏ ਨਾਟਕਕਾਰਾਂ ਦਾ ਸਵਾਗਤ ਉਹ ਅੱਗਲ਼ਵਾਂਢੇ ਹੋ ਕੇ ਕਰਦੀ ਹੈ।ਕਵਿਤਰੀ ਤਾਂ ਉਹ ਹੈ ਈ, ਕਾਵਿ ਸੰਸਾਰ ਨਾਲ਼ ਸਾਂਝ ਗੰਢਣੀ ਵੀ ਜਾਣਦੀ ਹੈ।ਉਂਝ ਇਹ ਹੁਨਰ ਕਈ ਹੋਰਾਂ ਕੋਲ਼ ਵੀ ਹੈ, ਪਰ ਉਨ੍ਹਾਂ ਕੋਲ਼ ਕਵਿਤਾ ਨਹੀਂ ਹੈ।ਇਥੇ ਬਰੈਂਪਟਨ (ਕੈਨੇਡਾ) ਵਿਚ ਅਪਣੀ ਹੋਂਦ ਦੀ ਪਛਾਣ ਬਣਾਈ ਰੱਖਣ ਲਈ ਇੱਕ ਪੰਜਾਬੀ ਲੇਖਕ ਨੂੰ ਤਰੱਦਦ ਕਰਨਾ ਪੈਂਦਾ ਹੈ।ਪਰਮਜੀਤ ਨੇ ਅਪਣੀ ਪਛਾਣ ਬਣਾਈ ਹੈ ਤੇ ਉਸਦੀ ਕਵਿਤਾ ਨੇ ਵੀ।ਉਸਦੀ ਪਹਿਲੀ ਕਾਵਿ-ਪੋਥੀ ਸਾਹਾਂ ਦੀ ਪੱਤਰੀ ਤੋਂ ਬਾਅਦ 'ਮੈਂ ਇੱਕ ਰਿਸ਼ਮ' ਸੰਨ 2015 ਵਿਚ ਛਪਦੀ ਹੈ।ਛੋਟੀਆਂ ਕਵਿਤਾਵਾਂ ਵਾਲੀ ਇਸ ਪੁਸਤਕ ਵਿੱਚ ਵੱਡੇ ਤੇ ਗਹਿਰੇ ਖ਼ਿਆਲ ਹਨ।ਇਨ੍ਹਾਂ ਕਵਿਤਾਵਾਂ ਵਿਚ ਕਣ ਹੈ, ਦਾਰਸ਼ਨਿਕਤਾ ਹੈ, ਭਾਵ ਹੈ ਤੇ ਸਰਲ ਭਾਸ਼ਾ 'ਚ ਗਹਿਰੇ ਵਿਚਾਰ ਹਨ।ਇਹ ਕਵਿਤਾਵਾਂ ਪਾਠਕ ਨੂੰ ਆਪਣੇ ਕੋਲ਼ ਰੋਕਦੀਆਂ ਹਨ, ਸੰਵਾਦ ਰਚਾਉਂਦੀਆਂ ਹਨ ਤੇ ਪਾਠਕ ਦੇ ਮੂੰਹੋਂ ਆਪ-ਮੁਹਾਰੇ ਵਾਹ ਨਿਕਲਦੀ ਹੈ ।ਉਹ ਆਪਣੇ ਆਪ ਨਾਲ਼ ਸੰਵਾਦ ਰਚਾਉਂਦੀ ਅਪਣੀ ਮੈਂ ਤੋਂ ਮੁਕਤ ਹੋਣਾ ਲੋਚਦੀ ਹੈ :

ਮੈਂ ਕੁਝ ਵੀ ਨਹੀਂ ਹਾਂ/ ਬੱਸ ਖੋਲਦੇ ਸਮੁੰਦਰ

ਦੇ ਪਾਣੀਆਂ 'ਚ ਨਿੱਕੀ ਜਿਹੀ ਮੱਛਲੀ ਹਾਂ

ਮੈਂ 'ਮੈਂ' ਤੋਂ ਮੁਕਤ ਹੋਣਾ ਲੋਚਦੀ.......

ਕਵਿਤਾ ਦੀ ਸਿਰਜਣਾ ਉਸ ਲਈ ਨਵ-ਜਨਮਿਆਂ ਬਾਲ ਹੈ ਜਿਸ ਦਾ ਅਹਿਸਾਸ ਉਸਨੂੰ ਮਾਂ ਬਣੀ ਔਰਤ ਦੇ ਅਹਿਸਾਸ ਤੱਕ ਲੈ ਜਾਂਦਾ ਹੈ।'ਕੁੱਖ ਹਰੀ ਹੁੰਦੀ ਤਾਂ ਕਿੰਨਾ ਚਾਅ ਹੁੰਦਾ ਮਾਂ....ਨੂੰ'।ਉਸਦੀਆਂ ਕਵਿਤਾਵਾਂ ਮਹਿਬੂਬ ਦੀ ਯਾਦ ਦੇ ਮੱਠੇ ਮੱਠੇ ਸੇਕ 'ਤੇ ਪੱਕਦੀਆਂ ਹਨ।ਇਹਨਾਂ ਕਵਿਤਾਵਾਂ ਵਿਚਲੀ ਵਿਚਾਰਸ਼ੀਲਤਾ ਬਹੁ-ਪਰਤੀ ਹੈ।ਉਸ ਦੀ ਕਵਿਤਾ ਅੰਬਰ ਤੇ ਧਰਤ ਦੀ ਬੁੱਕਲ ਵਿਚ ਬੈਠੀ ਤਰਲਤਾ ਹੈ।ਮੁਹੱਬਤ ਦਾ ਅਹਿਸਾਸ ਉਸ ਕੋਲ਼ ਸੂਖ਼ਮ ਬਿੰਬਾਂ 'ਚ ਪਰੋਇਆ ਮਹੀਨ ਕਾਵਿ ਬਣ ਆਉਂਦਾ ਹੈ:

ਤੇਰੀਆਂ ਲਹਿਰਾਂ ਨੇ ਛੋਹ ਲਿਆ

ਕਿਨਾਰਿਆਂ 'ਤੇ ਵਿਛੀ ਰੇਤ ਨੂੰ

ਤੇ ਮੈਂ ਜਿਉਣ ਜੋਗੀ ਹੋ ਗਈ

ਮੁਹੱਬਤ ਦੇ ਅਹਿਸਾਸ ਨੂੰ ਸਿਰਜਦੀਆਂ ਬਹੁਤ ਸਾਰੀਆਂ ਨਜ਼ਮਾਂ ਹਨ ਇਸ ਪੁਸਤਕ ਵਿਚ।ਪਰ ਹਰ ਨਜ਼ਮ ਵੱਖਰਾ ਦ੍ਰਿਸ਼ ਸਿਰਜਦੀ ਹੈ, ਵੱਖਰੇ ਅਨੁਭਵ ਦੀ ਬਾਤ ਪਾਉਂਦੀ ਅਸਲੋਂ ਵੱਖਰੀਆਂ ਪੈੜਾਂ ਦੇ ਨਕਸ਼ ਉਲੀਕਦੀ ਹੈ।ਇਹ ਕਵਿਤਾਵਾਂ ਫੁਰਨਿਆਂ ਵਰਗੀਆਂ ਹਨ, ਜ਼ਿੰਦਗੀ ਦੇ ਕਿਸੇ ਵੀ ਛਿਣ ਹੋਏ ਇਲਹਾਮ ਨੂੰ ਸ਼ਬਦਾਂ ਵਿਚ ਸਾਂਭਿਆ ਖਿਆਲ।ਇਹ ਨਜ਼ਮਾਂ ਘੜੀਆਂ ਨਹੀਂ ਗਈਆਂ, ਸਿਰਜੀਆਂ ਗਈਆਂ ਹਨ।ਕਵਿਤਾ, ਤਰਲਤਾ, ਜੀਵਨ, ਝੌਲ਼ਾ, ਖਿੱਚ, ਬਦਲਾਵ, ਯਾਦ, ਆਹਟ, ਇੰਤਜ਼ਾਰ, ਭੇਦ, ਝੀਲ ਵਰਗੀ, ਚੁੱਪ, ਰੰਗ ਆਦਿ ਇਸ ਅਨੁਭਵ ਦੀਆਂ ਕਵਿਤਾਵਾਂ ਹਨ।ਕੁਝ ਕਵਿਤਾਵਾਂ ਵਿਚ ਸਦੀਵੀ ਸੱਚ ਸਿਰਜਦੀਆਂ ਸਤਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ:

ਢਲਦੇ ਸੂਰਜ ਨੂੰ ਸਿਰ ਨਿਵਾਇਆ

ਉਸ ਚੜ੍ਹਦੇ ਸੂਰਜ ਵਰਗੀ ਅਸੀਸ ਦਿੱਤੀ

ਪੈਰ ਦੀ ਜੁੱਤੀ ਦੀ ਆਪਣੀ ਸਪੇਸ ਹੁੰਦੀ

ਤੂੰ ਮੁਸਾਫ਼ਰ ਤਾਂ ਬਣ, ਮੈਂ ਰਸਤਾ ਬਣ ਜਾਵਾਂਗੀ

ਮੈਂ ਅੱਜ ਵੀ ਉਹਦੇ ਬੁੱਲਾਂ 'ਚੋਂ ਕਿਰਦੀ ਨਜ਼ਮ ਦੀ ਉਡੀਕ 'ਚ ਹਾਂ

ਮਾਂ, ਝਰੋਖਾ, ਰੀਝ, ਮਾਂ ਬਾਰੇ ਕਵਿਤਾਵਾਂ ਹਨ।ਇਹਨਾਂ ਕਵਿਤਾਵਾਂ ਵਿਚ ਮਾਂ ਸਾਹਮਣੇ ਚੌਂਕੇ 'ਚ ਬੈਠੀ ਹੈ ਤੇ ਚੌਂਕਾ ਕਵੀ ਦੇ ਅੰਦਰ।ਇਸੇ ਕਰਕੇ ਇਹ ਦੁਨੀਆਂ ਦੀ ਹਰ ਮਾਂ ਦੀ ਗੱਲ ਕਰਦੀਆਂ ਕਵਿਤਾਵਾਂ ਹਨ।ਇਸ ਕਿਤਾਬ ਦੇ ਟਾਈਟਲ ਵਾਲ਼ੀ ਕਵਿਤਾ 'ਮੈਂ ਇੱਕ ਰਿਸ਼ਮ' ਅਤੇ ਇਸ ਤੋਂ ਬਾਅਦ ਵਾਲੀਆਂ ਕਵਿਤਾਵਾਂ ਦੀ ਸੁਰ ਵੱਖਰੀ ਹੈ।ਇਹ ਪ੍ਰਗਤੀਵਾਦੀ ਦੌਰ ਦੀਆਂ ਕਵਿਤਾਵਾਂ ਦੇ ਨੇੜੇ ਜਾ ਖਲੋਂਦੀਆਂ ਹਨ।ਮੈਂ ਇੱਕ ਰਿਸ਼ਮ ਕਵਿਤਾ ਦੀ ਪਹਿਲੀ ਸਤਰ ਕਿ ਮੈਂ ਬਹੁਤ ਕੁਝ ਕਰ ਸਕਦੀ ਹਾਂ, ਸੱਤਾ ਨਾਲ਼ ਟਕਰਾਉਂਦੇ ਇਰਾਦੇ ਦੀ ਦੱਸ ਪਾਉਂਦੀ ਹੈ।ਸਵੈ ਸੰਵਾਦ ਜਿੰਨ੍ਹਾਂ ਦੋ ਪਾਤਰਾਂ ਵਿਚਕਾਰ ਹੈ, ਉਹ ਇਕੋ ਪਾਤਰ ਦੇ ਅੰਦਰ ਤੇ ਬਾਹਰ ਨਾਲ਼ ਸੰਵਾਦ ਹੈ।ਖ਼ੈਰ ਮਾਹੀ ਕਵਿਤਾ ਵਿਚ ਉਡਦੇ ਬਾਜ਼ਾਂ ਦਾ ਜ਼ਿਕਰ ਪਾਸ਼ ਕਾਵਿ ਤੱਕ ਜਾਂਦਾ ਹੈ।ਰਾਜੇ ਸ਼ੀਂਹ, ਜ਼ਰੂਰੀ ਨਹੀਂ ਹੁੰਦਾ, ਜ਼ੁਲਮ, ਸੱਚ-ਝੂਠ, ਤਾਂਘ, ਲਾ-ਪਤਾ, ਪਰਛਾਵੇਂ ਆਦਿ ਕਵਿਤਾਵਾਂ ਇਸੇ ਸੁਰ ਦੀਆਂ ਹਨ।ਜਿੱਥੋਂ ਤੱਕ ਪਰਮਜੀਤ ਦਿਓਲ ਦੀ ਸਿਰਜਣ ਪ੍ਰਕਿਰਿਆ ਦਾ ਸਬੰਧ ਹੈ, ਉਸਦੀ ਗੱਲ 'ਭਾਲ' ਕਵਿਤਾ ਖੁੱਲ ਕੇ ਕਰਦੀ ਹੈ

ਮੇਰੇ ਕੋਲ਼ ਖ਼ਿਆਲ ਹੈ ਤੇ ਅੱਖਰ ਉਸਨੂੰ ਲਿਖ ਦਿੰਦੇ

ਮੈਂ ਕਵਿਤਾ ਨਹੀਂ ਲਿਖਦੀ, ਮੈਂ ਤਾਂ ਸ਼ਬਦਾਂ ਨੂੰ

ਕੁੱਛੜ ਚੁੱਕ ਖਿਡਾਉਂਦੀ ਫਿਰਦੀ ਹਾਂ

ਤੇ ਜੇ ਦਿਓਲ ਦੀ ਸਿਰਜਣਾ ਬਾਰੇ ਹੋਰ ਗੱਲ ਕਰਨੀ ਹੋਵੇ ਤਾਂ ਇਸ ਸੰਗ੍ਰਹਿ ਦੀ ਆਖ਼ਰੀ ਨਜ਼ਮ ਪੜ੍ਹ ਸਕਦੇ ਹਾਂ

ਆਹ ਲੈ ਫੜ ਮੇਰੀਆਂ ਨਜ਼ਮਾਂ

ਐਵੇਂ ਨਾ ਖ਼ਰਲ-ਖੂੰਜੇ ਸੁੱਟੀਂ

ਕਿਤੇ ਸਲਾਭਿਆਂ ਦੀ ਮਾਰ ਨਾਲ਼ ਗਲ਼ ਸੜ ਜਾਣ

ਜਾਂ ਅਲਮਾਰੀਆਂ 'ਚ ਪਈਆਂ ਦੰਮ ਤੋੜ ਜਾਣ

ਨਜ਼ਮਾਂ ਸੰਵਾਦ ਰਚਾਉਣਾ ਹੈ ਤੇਰੇ ਨਾਲ਼

ਇਸ ਪੁਸਤਕ ਵਿਚ ਕੁਝ ਹੋਰ ਜ਼ਿਕਰਯੋਗ ਕਵਿਤਾਵਾਂ ਵੀ ਹਨ ਜਿੰਨ੍ਹਾਂ ਵਿਚ ਮਾਨਵੀ ਕਦਰਾਂ ਕੀਮਤਾਂ ਦੀ ਗੱਲ ਕਰਦੇ ਹੋਰ ਵੀ ਬਹੁਤ ਸਾਰੇ ਵਿਸ਼ੇ ਛੋਹੇ ਗਏ ਹਨ।ਸਮਿਆਂ ਦੇ ਹਾਣੀ, ਵੰਗਾਂ, ਰਜਾਈ, ਆਵਾਗਮਨ, ਪਲ, ਡਰ, ਚੰਗਿਆੜੀ, ਘਰ, ਚਿੜੀ, ਲੂਣ, ਬੂਹੇ, ਉਡਾਣ, ਸ਼ਬਦ, ਕਿਰਸਾਣੀ, ਧੂੰਆਂ, ਭਰਮ, ਕੁਦਰਤ, ਜੰਗਲ, ਦੇਵਦਾਸੀ, ਦਸਤੂਰ, ਕੁੜੀ, ਕੰਧਾਂ, ਸਮਾਧੀ, ਚਾਨਣ, ਚੁੱਪ, ਆਵਾਜ਼ਾਂ,ਰਿਜਕ, ਸਿਰਜਣਾ ਨਜ਼ਰੀਆਂ, ਸੰਪੂਰਣਤਾ ਆਦਿ ਕਵਿਤਾਵਾਂ ਸ਼ਾਮਲ ਹਨ।ਇੰਝ ਅਸੀਂ ਕਹਿ ਸਕਦੇ ਹਾਂ ਕਿ ਮੈਂ ਇੱਕ ਰਿਸ਼ਮ ਦੇ ਕਲਾਵੇ ਵਿਚ ਵਿਸ਼ਿਆਂ ਦੀ ਭਰਮਾਰ ਹੈ।ਮੈਂ ਇੱਕ ਰਿਸ਼ਮ ਵਿਚਲੀਆਂ ਖੁੱਲੀਆਂ ਕਵਿਤਾਵਾਂ ਵਿਚਲੇ ਖੁੱਲੇ ਵਿਚਾਰਾਂ ਦੀ ਕਾਵਿਕਾਰੀ ਤੋਂ ਬਾਅਦ ਪਰਮਜੀਤ ਦਿਓਲ ਛੰਦਬੱਧ ਕਵਿਤਾ ਲਿਖਣ ਵੱਲ ਰੁਚਿਤ ਹੁੰਦੀ ਹੈ ਤੇ ਉਸਦੀ ਅਗਲੀ ਕਿਤਾਬ 'ਤੂੰ ਕੱਤ ਬਿਰਹਾ' ਹੋਂਦ ਵਿਚ ਆਉਂਦੀ ਹੈ।

ਤੂੰ ਕੱਤ ਬਿਰਹਾ : ਤੂੰ ਕੱਤ ਬਿਰਹਾ ਸੰਗ੍ਰਹਿ ਵਿਚ ਗੀਤ, ਗਜ਼ਲਾਂ ਅਤੇ ਕਵਿਤਾਵਾਂ ਸ਼ਾਮਲ ਹਨ।ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਪਰਮਜੀਤ ਦਿਓਲ ਨੂੰ ਜਬਾਨੀ ਯਾਦ ਹਨ।ਪੰਜਾਬੀ ਵਿਚ ਕਵਿਤਾ ਲਿਖਣ ਵਾਲੇ ਅਜਿਹੇ ਉਂਗਲਾਂ ਤੇ ਗਿਣਨ ਜੋਗੇ ਲੋਕ ਹਨ ਜਿਹਨਾਂ ਨੂੰ ਆਪਣੀਆਂ ਕਵਿਤਾਵਾਂ ਜਬਾਨੀ ਯਾਦ ਹਨ।ਮੈਨੂੰ ਲੱਗਦਾ ਹੁੰਦਾ ਕਿ ਕਵਿਤਾਵਾਂ ਇਨ੍ਹਾਂ ਦੇ ਅੰਦਰ ਵੱਸਦੀਆਂ ਹਨ, ਇਨ੍ਹਾਂ ਦੇ ਸਾਹਾਂ ਵਿਚ ਸ਼ਾਮਲ ਹਨ।ਇਹ ਲੋਕ ਹਰ ਛਿਣ ਅਪਣੀ ਕਵਿਤਾ ਜਿਉਂਦੇ ਹਨ।ਇਹ ਕਵੀ ਤੇ ਕਵਿਤਾ ਦੋਹਾਂ ਦੀ ਵਡੱਤਣ ਹੈ।'ਤੂੰ ਕੱਤ ਬਿਰਹਾ' ਵਿਚ ਸੂਫ਼ੀ ਕਾਵਿ ਦਾ ਝਲਕਾਰਾ ਹੈ।ਸ਼ਿਵ ਕੁਮਾਰ ਬਟਾਲਵੀ ਨੂੰ ਬਿਰਹਾ ਦਾ ਸੁਲਤਾਨ ਕਿਹਾ ਗਿਆ ਹੈ।ਸ਼ੇਖ਼ ਫਰੀਦ ਨੇ ਕਿਹਾ ਸੀ 'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ'।ਪਰਮਜੀਤ ਦਿਓਲ ਲਿਖਦੀ ਹੈ 'ਬਿਰਹਾ ਕਿਹੜਾ ਸੌਖਿਆਂ ਕੱਤਿਆ ਜਾਂਦਾ।ਰੀਝਾਂ ਦੀ ਬੋਲੀ ਲਾਈ ਜਾਂਦੀ ਤੇ ਚਾਵਾਂ ਨੂੰ ਗਹਿਣੇ ਧਰਿਆ ਜਾਂਦੈ'।ਇਹ ਔਰਤ ਦੀ ਹੋਣੀ ਵੱਲ ਸੰਕੇਤ ਹੈ।ਇਸ ਹੋਣੀ ਨੂੰ ਕਵਿਤਾ ਅੰਦਰ ਅਨੁਵਾਦ ਕਰਦਿਆਂ ਕਵਿਤਰੀ ਦਾ ਮਨ ਲੋਕ ਮਨ ਦੇ ਨੇੜੇ ਜਾ ਢੁੱਕਦਾ ਹੈ ਅਤੇ ਉਸਦੇ ਕਾਵਿਕ ਬੋਲਾਂ 'ਚ ਲੋਕ ਗੀਤਾਂ ਦੀ ਰੂਹ ਸਾਹ ਲੈਂਦੀ ਜਾਪਦੀ ਹੈ:

ਲਾਹ ਲਾਹ ਗਲੋਟੇ ਪੱਛੀ ਧਰ ਲਏ/ ਗੁੱਛੇ ਕਰਕੇ ਸੰਦੂਕੀ ਧਰ ਲਏ

ਹੁਣ ਆਵੇ ਨਾ ਸੰਦੂਕੜੀ ਨੂੰ ਸਾਹ/ ਨੀ ਤੂੰ ਕੱਤ ਬਿਰਹਾ ਤੈਨੂੰ ਬਿਰਹਾ...

ਇਹਨਾਂ ਕਵਿਤਾਵਾਂ ਵਿਚ ਪੰਜਾਬ ਦੇ ਪੇਂਡੂ ਕਲਚਰ ਵਿਚਲੇ ਠੇਠ ਸ਼ਬਦਾਂ ਦੀ ਵਰਤੋਂ ਇਹਨਾਂ ਨੂੰ ਹੋਰ ਵੀ ਭਾਵਪੂਰਤ ਬਣਾਉਂਦੇ ਹਨ।ਇਹ ਉਹ ਸ਼ਬਦ ਹਨ ਜਿਹੜੇ ਹੌਲੀ-ਹੌਲੀ ਸਾਡੇ ਸ਼ਬਦਕੋਸ਼ ਵਿਚੋਂ ਅਲੋਪ ਹੋ ਰਹੇ ਹਨ।ਅਜਿਹੇ ਬਹੁਤ ਸਾਰੇ ਸ਼ਬਦਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।ਕੁਝ ਸ਼ਬਦ ਪੜ੍ਹਦੇ ਹਾਂ ਜਿਵੇਂ ਗਲੋਟੇ, ਪੱਛੀ, ਗੁੱਛੇ, ਸੰਦੂਕੜੀ, ਬੱਤੀ, ਕੰਧਾਂ-ਕੌਲਿਆਂ, ਚਿਤਵਣੀ, ਬੋਹਲ, ਲਿਪਣਾ, ਦਸੂਤੀ, ਕੂਚੀ, ਕਾਹੀ ਆਦਿ:

ਵਿੱਚ ਤ੍ਰਿੰਝਣਾਂ ਕੱਢਾਂ ਦਸੂਤੀ/ ਪੰਜਾਂ ਨੂੰ ਫੜ੍ਹ ਲਾਹ ਦਾਂ ਕੂਚੀ

ਜੋ ਪਾ ਬੈਠੇ ਗਾਹ/ ਨੀ ਮੈਨੂੰ ਪੀਆ ਮਿਲਣ ਦਾ ਚਾਅ/ ਪੀਆ..

ਇਹ ਮੁਹੱਬਤ ਦੇ ਗੀਤ ਨਹੀਂ ਹਨ।ਇਹ ਇੱਕ ਪੰਜਾਬੀ ਨਾਰ ਦੇ ਜ਼ਜ਼ਬਾਤ ਹਨ।ਉਸਦੀਆਂ ਭਾਵਨਾਵਾਂ ਦਾ ਕਾਵਿਕ ਇਜ਼ਹਾਰ ਹੈ।ਇਹ ਉਹ ਗੀਤ ਹਨ ਜੋ ਘਰ ਦੇ ਕੰਮਾਂ ਕਾਰਾਂ ਵਿਚ ਰੁੱਝੀ ਮੁਟਿਆਰ ਦਿਆਂ ਫੁਰਨਿਆਂ ਵਿਚ ਅੰਗੜਾਈਆਂ ਲੈਂਦੇ ਰਹਿੰਦੇ ਹਨ।ਜਦ ਇਹ ਅੰਗੜਾਈਆਂ ਵਰਕਿਆਂ 'ਤੇ ਆਕਾਰ ਗ੍ਰਹਿਣ ਕਰਦੀਆਂ ਹਨ ਤਾਂ ਗੀਤ ਦਾ ਜਨਮ ਹੁੰਦਾ ਹੈ।ਗੀਤ, ਨਜ਼ਮ, ਗਜ਼ਲ਼ ਕਿਸ ਵਿਧਾ ਦਾ ਸਰੂਪ ਸਿਰਜਿਆ ਜਾਣਾ ਹੈ, ਇਹ ਫੁਰਨਾ ਆਪਣੇ ਨਾਲ਼ ਲੈ ਕੇ ਆਉਂਦਾ ਹੈ।ਇਹ ਗੀਤ ਸੁੱਤੇ-ਸਿਧ ਹੀ ਸਮਾਜਕ,ਰਾਜਨੀਤਕ ਅਤੇ ਭੂਗੋਲਿਕ ਸਰੋਕਾਰਾਂ ਨੂੰ ਮੁਖ਼ਾਤਬ ਹੋ ਜਾਂਦੇ ਹਨ:

ਧਰਮ ਦੇ ਨਾਂ 'ਤੇ ਵਧਦਾ ਪਾੜਾ/ ਦੇਖਿਆ ਮੈਂ ਅਖ਼ਬਾਰਾਂ 'ਤੇ

ਸ਼ਰਮ ਹਯਾ ਤੇ ਕੂਚੀ ਫੇਰੀ/ ਨਾਲ਼ ਬਣੇ ਸੰਸਕਾਰਾਂ ਦੇ

ਉਹੀ ਘੜੇ ਅੱਜ ਡੁੱਲਦੇ ਵੇਖੇ/ ਜੋ ਸੰਸਕਾਰਾਂ ਨਾਲ਼ ਭਰੇ

ਮੈਂ ਉਸ ਗਰੀਬ ਦਾ ਵਿਰਸਾ/ ਜਿਹਦੇ ਗਲ਼ ਪੈਂਦੀ ਫਾਹੀ

ਮੈਂ ਧਰਤੀ ਪੰਜ ਦਰਿਆਵਾਂ ਦੀ/ ਜੋ ਮੁੱਦਤਾਂ ਤੋਂ ਤ੍ਰਿਹਾਈ

ਤੂੰ ਕੱਤ ਬਿਰਹਾ ਵਿਚਲੀਆਂ ਰਚਨਾਵਾਂ ਉਹਨਾਂ ਚੁੱਲਿਆਂ ਦੀ ਗੱਲ ਵੀ ਕਰਦੀਆਂ ਹਨ ਜਿੰਨ੍ਹਾਂ ਵਿਚ ਘਾਹ ਉੱਗ ਆਉਂਦਾ ਹੈ।ਘਾਹ ਉਨ੍ਹਾਂ ਘਰਾਂ ਦੇ ਚੁੱਲਿਆਂ ਵਿਚ ਹੀ ਉੱਗਦਾ ਹੈ ਜਿੰਨ੍ਹਾਂ ਦੇ ਆਟੇ ਵਾਲੇ ਪੀਪੇ ਖ਼ਾਲੀ ਹੁੰਦੇ ਹਨ।ਇਹਨਾਂ ਰਚਨਾਵਾਂ ਕੋਲ਼ ਦੂਸ਼ਿਤ ਹਵਾ ਦਾ ਫਿਕਰ ਵੀ ਹੈ ਤੇ ਨਸ਼ਿਆਂ ਲੇਖੇ ਲੱਗ ਰਹੀ ਜਵਾਨੀ ਦਾ ਵੀ।ਮੁਰਝਾਈਆਂ ਰੁੱਤਾਂ ਦਾ ਸੱਚ ਵੀ ਤੇ ਖੂਹ ਵਿਚੋਂ ਖ਼ਾਲੀ ਮੁੜੀਆਂ ਟਿੰਡਾਂ ਦਾ ਵੀ।ਦਿਓਲ ਆਪਣੀ ਸ਼ਾਇਰੀ ਵਿਚ ਕੁਦਰਤ ਦੇ ਬਿੰਬਾਂ ਦੀ ਵਰਤੋਂ ਬੜੇ ਸਲੀਕੇ ਨਾਲ਼ ਕਰਦੀ ਹੈ।ਪੰਛੀ ਆਪਣੇ ਗਰਾਂ ਨੂੰ ਮੁੜ ਗਏ, ਮੋਰ ਪਰਖਦੇ ਘਟਾ ਅਦਾਵਾਂ, ਤੋਤੇ ਅੰਬੀਆਂ ਟੁੱਕਣ ਲੱਗੇ, ਕੋਇਲ ਦਾ ਸਿਰਨਾਵਾਂ ਲੱਭਦੇ ਆਦਿ ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ।ਉਹ ਵਿਹੜੇ ਦੇ ਰੁੱਖ ਨਾਲ਼ ਵੀ ਸੰਵਾਦ ਰਚਾਉਂਦੀ ਹੈ।ਪਰਵਾਸੀ ਜੀਵਨ ਹੰਢਾ ਰਹੀ ਉਹ ਵਤਨਾਂ ਨੂੰ ਜਾਣ ਵਾਲ਼ੇ ਦੇ ਹੱਥ ਮਾਂ-ਬਾਪ, ਵੀਰ ਤੇ ਭਾਬੀ ਲਈ ਸੁਨੇਹਾ ਭੇਜਦੀ ਹੈ:

ਵਤਨਾਂ ਨੂੰ ਜਾਣ ਵਾਲਿਆ/ ਲੈ ਜਾ ਇੱਕ ਸੁਨੇਹਾ ਮੇਰਾ

ਮਾਂ ਦੀਆਂ ਅੱਖੀਆਂ ਵਿਚੋਂ ਵੇਖੀ ਜਾ ਮੇਰਾ ਚਿਹਰਾ

ਫੋਨ 'ਤੇ ਮਾ ਦੱਸਦੀ ਸੀ / ਗੋਡਿਆਂ 'ਚ ਦਰਦ ਬੜਾ ਏ

ਬਾਪੂ ਵੀ ਦੱਸਦਾ ਸੀਗਾ / ਨਿਗ੍ਹਾ ਹੁਣ ਘੱਟਗੀ ਮੇਰੀ

ਗਿੱਧੇ ਵਿਚ, ਸੁਣ ਵੇ ਰੁੱਖਾ, ਖਿੱਲਰੇ ਹੋਏ ਹਉਕੇ, ਬਲਦੀ ਸ਼ਮਾਂ, ਚਾਨਣੀ ਵਿਚ, ਰੁੱਤ ਬਸੰਤੀ, ਰੰਗ ਸਰਾਪੇ, ਰੀਝਾਂ, ਪੀੜਮੇਰੀ ਇੱਕ ਕਹਾਣੀ, ਸਾਹਾਂ ਦੀ ਚੋਰੀ ਤੇ ਚੁੱਪ ਅਜਿਹੀਆਂ ਰਚਨਾਵਾਂ ਹਨ ਜਿਹਨਾਂ ਨੂੰ ਅਣਗੌਲਿਆਂ ਨਹੀਂ ਕਰ ਸਕਦੇ।ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਕਿ ਇਹ ਰਚਨਾਵਾਂ ਪੇਤਲੇ ਜਿਹੇ ਇਸ਼ਕ ਦੀ ਤਰਜਮਾਨੀ ਕਰਦੀਆਂ ਚਿਪਚਿਪੀਆਂ ਕਵਿਤਾਵਾਂ ਨਹੀਂ ਹਨ।ਇਹ ਇੱਕ ਮੁਟਿਆਰ ਦੀਆਂ ਭਾਵਨਾਵਾਂ, ਖ਼ਾਹਿਸ਼ਾਂ, ਇਛਾਵਾਂ ਅਤੇ ਜ਼ਜ਼ਬਾਤਾਂ ਦੀ ਸੂਖ਼ਮ ਪੇਸ਼ਕਾਰੀ ਹਨ।ਇਹਨਾਂ ਵਿਚ ਕਵਿਤਰੀ ਦੇ ਹੰਢੇ ਵਰਤੇ ਅਨੁਭਵ ਦੀ ਝਲਕ ਪੈਂਦੀ ਹੈ।ਪਰਮਜੀਤ ਦਿਓਲ ਦੀ ਇਹ ਕਾਵਿ-ਸਾਧਨਾ ਉਸ ਦੀ ਸਿਰਜਣਾ ਨੂੰ ਅਗਲੇ ਪੜ੍ਹਾਅ 'ਤੇ ਲੈ ਕੇ ਜਾਣ ਦੀ ਦੱਸ ਪਾਉਂਦੀ ਹੈ।ਅਗਲੀ ਕਿਸੇ ਕਾਵਿ-ਪੋਥੀ ਦੀ ਉਡੀਕ ਕਰਦੇ ਅਸੀਂ ਦਿਓਲ ਨੂੰ ਹੁਣ ਤੱਕ ਕੀਤੇ ਕਾਰਜ ਲਈ ਸ਼ਾਬਾਸ਼ ਦਿੰਦੇ ਹਾਂ।